**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ,**
**ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**
0172-5212318, 5212332, ssapunjab.mis@gmail.com

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ

ਮੀਮੋ ਨੰ :- ਸਸਅ/2016/ਐਮ.ਆਈ.ਐਸ./ਜਨਰਲ/5733
ਮਿਤੀ : ਚੰਡੀਗੜ੍ਹ 04 ਮਾਰਚ, 2016

**ਵਿਸ਼ਾ :** **ਈਪੰਜਾਬਸਕੂਲ ਪੋਰਟਲ ਅਧੀਨ ਵਿਦਿਆਰਥੀਆਂ ਅਤੇ ਸਟਾਫ ਦੇ ਡਾਟਾ ਨੂੰ ਮਹੀਨਾਵਾਰ ਅਪਡੇਟ ਕਰਨ ਲਈ ਨੋਡਲ ਸਕੂਲ ਲਗਾਉਣ ਅਤੇ ਇਨ੍ਹਾਂ ਸਕੂਲਾਂ ਨਾਲ ਨੇੜਲੇ ਹੋਰ ਸਕੂਲ ਜੋੜਨ ਸਬੰਧੀ।**

ਸਿੱਖਿਆ ਵਿਭਾਗ ਵਲੋਂ ਬਣਾਏ ਪੋਰਟਲ ਈਪੰਜਾਬਸਕੂਲ ਉੱਤੇ ਹਰ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲ ਨੂੰ ਲਾਗਇਨ ਅਤੇ ਪਾਸਵਰਡ ਮੁਹਈਆ ਕਰਵਾਇਆ ਗਿਆ ਹੈ। ਸਕੂਲਾਂ ਨੂੰ ਵਿਭਾਗ ਵਲੋਂ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਰੋਜਾਨਾ ਇਸ ਪੋਰਟਲ ਉੱਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜਰੀ ਲਗਾਏ ਅਤੇ ਸਮੇਂ ਸਮੇਂ ਸਿਰ ਅੰਕੜਿਆਂ ਨੂੰ ਚੈੱਕ ਕਰਕੇ ਢੁਕਵੀਆਂ ਸੋਧਾਂ ਵੀ ਕੀਤੀਆਂ ਜਾਣ। ਪਰੰਤੂ ਇਹ ਆਮ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ ਪੋਰਟਲ ਉੱਤੇ ਅੰਕੜਿਆਂ ਨੂੰ ਅਪਡੇਟ ਨਹੀਂ ਕੀਤਾ ਜਾਂਦਾ।

ਉਪਰੋਕਤ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਕੀਤਾ ਗਿਆ ਹੈ ਕਿ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਆਪਣੇ ਜਿਲ੍ਹੇ ਦੇ ਸਮੂਹ ਸਕੂਲਾਂ ਦੀ ਇੱਕ ਸੂਚੀ ਐਮ.ਆਈ.ਐਸ. ਕੋਆਰਡੀਨੇਟਰ ਤੋਂ ਲੈਣ ਉਪਰੰਤ ਇਕੱਠੇ ਬੈਠ ਕੇ ਕੁੱਝ ਚੰਗੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਨੋਡਲ ਸਕੂਲ ਲਗਾਉਣ। ਇਹ ਯਕੀਨੀ ਬਣਾ ਲਿਆ ਜਾਵੇ ਕਿ ਇਨ੍ਹਾਂ ਸਕੂਲਾਂ ਵਿਚ ਕੰਪਿਊਟਰ ਦੀ ਮਹਾਰਤ ਵਾਲੇ ਸਟਾਫ ਤੋਂ ਇਲਾਵਾ ਕੰਪਿਊਟਰ ਅਤੇ ਇੰਟਰਨੈੱਟ ਦੀ ਸੁਵਿਧਾ ਵੀ ਹੋਵੇ। ਇਨ੍ਹਾਂ ਨੋਡਲ ਸਕੂਲਾਂ ਨਾਲ ਨੇੜਲੇ ਹਾਈ, ਮਿਡਲ ਅਤੇ ਪ੍ਰਾਇਮਰੀ ਸਕੂਲਾਂ ਨੂੰ ਜੋੜਿਆ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਮੂਹ ਨੋਡਲ ਸਕੂਲਾਂ ਕੋਲ ਲਗਭਗ ਬਰਾਬਰ ਸਕੂਲ ਆਉਣ। ਇਸ ਕੰਮ ਲਈ ਮੁੱਖ ਦਫਤਰ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ (ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਦੇ ਅਕਾਊਂਟ ਵਿਚ) ਇੱਕ ਮਡਿਊਲ ਬਣਾਇਆ ਗਿਆ ਹੈ। ਇਸ ਮਡਿਊਲ ਦੀ ਮਦਦ ਨਾਲ ਨੋਡਲ ਸਕੂਲ ਲਗਾਏ ਜਾ ਸਕਦੇ ਹਨ ਅਤੇ ਇਨ੍ਹਾਂ ਨੋਡਲ ਸਕੂਲਾਂ ਨਾਲ ਨੇੜਲੇ ਬਾਕੀ ਸਕੂਲ ਬੜੀ ਅਸਾਨੀ ਨਾਲ ਜੋੜੇ ਜਾ ਸਕਦੇ ਹਨ।

ਹਰ ਸਕੂਲ ਵਲੋਂ ਪੋਰਟਲ ਉੱਤੇ ਇਹ ਜਰੂਰ ਦਰਜ ਕੀਤਾ ਜਾਵੇਗਾ ਕਿ ਉਸ ਸਕੂਲ ਦਾ ਮੁੱਖੀ / ਇੰਚਾਰਜ ਕੌਣ ਹੈ ਅਤੇ ਈਪੰਜਾਬਸਕੂਲ ਪੋਰਟਲ ਉੱਤੇ ਅੰਕੜੇ ਅਪਡੇਟ ਕਰਨ ਲਈ ਕਿਸ ਤਕਨੀਕੀ ਸਟਾਫ ਮੈਂਬਰ ਨੂੰ ਸਕੂਲ ਪੱਧਰ ਦਾ ਈਪੰਜਾਬਸਕੂਲ ਇੰਚਾਰਜ ਬਣਾਇਆ ਗਿਆ ਹੈ। ਸਕੂਲ ਮੁਖੀ / ਇੰਚਾਰਜ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਹਰ ਮਹੀਨੇ ਆਪਣੇ ਸਕੂਲ ਦੇ ਅੰਕੜਿਆਂ ਨੂੰ ਅਪਡੇਟ ਕਰਵਾਏ। ਹਰ ਸਕੂਲ ਨੂੰ ਆਨ-ਲਾਈਨ ਸਰਟੀਫਿਕੇਟ ਵੀ ਹਰ ਮਹੀਨੇ ਦੇਣਾ ਪਵੇਗਾ ਕਿ ਉਨ੍ਹਾਂ ਵਲੋਂ ਆਪਣੇ ਸਕੂਲ ਦੀ ਸਮੂਹ ਜਾਣਕਾਰੀ ਪੋਰਟਲ ਉੱਤੇ ਚੈੱਕ ਕਰ ਲਈ ਗਈ ਹੈ ਅਤੇ ਇਹ ਰਿਕਾਰਡ ਅਨੁਸਾਰ ਸਹੀ ਹੈ। *ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਲਾਗਇਨ ਅਤੇ ਪਾਸਵਰਡ ਪਹਿਲਾਂ ਹੀ ਮੁਹਈਆ ਕਰਵਾਏ ਗਏ ਹਨ ਅਤੇ ਇਹ ਸਕੂਲ ਆਪਣੇ ਅੰਕੜੇ ਆਪ ਪੋਰਟਲ*

*ਉੱਤੇ ਅਪਡੇਟ ਕਰਨਗੇ। ਪ੍ਰਾਇਮਰੀ ਸਕੂਲ ਮੁੱਖੀ ਜਾਂ ਤਾਂ ਨੋਡਲ ਸਕੂਲ ਵਿਚ ਜਾਂ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਕੋਲ ਜਾ ਕੇ ਆਪਣੇ ਅੰਕੜੇ ਅਪਡੇਟ ਕਰਵਾ ਸਕਦੇ ਹਨ।*

ਨੋਡਲ ਸਕੂਲ ਦੇ ਮੁਖੀ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਮੁਖੀਆਂ / ਇੰਚਾਰਜ ਤੋਂ ਹਰ ਮਹੀਨੇ ਈਪੰਜਾਬਸਕੂਲ ਪੋਰਟਲ ਉੱਤੇ ਅੰਕੜੇ ਅਪਡੇਟ ਕਰਵਾਏ। *ਜੇਕਰ ਕੋਈ ਸਕੂਲ ਸਮੇਂ ਸਿਰ ਅੰਕੜੇ ਅਪਡੇਟ ਨਹੀਂ ਕਰਦਾ ਤਾਂ ਨੋਡਲ ਸਕੂਲ ਮੁਖੀ ਅਜਿਹੇ ਸਕੂਲਾਂ ਖਿਲਾਫ ਕਾਰਵਾਈ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਲਿਖੇਗਾ ਤਾਂ ਜੋ ਮੁੱਖ ਦਫਤਰ ਵਲੋਂ ਉਨ੍ਹਾ ਖਿਲਾਫ ਕਾਰਵਾਈ ਤੁਰੰਤ ਆਰੰਭੀ ਜਾ ਸਕੇ।*

ਭਵਿੱਖ ਵਿਚ ਮੁੱਖ ਦਫਤਰ ਜਾਂ ਜਿਲ੍ਹਾ ਦਫਤਰਾਂ ਵਲੋਂ ਸਕੂਲਾਂ ਤੋਂ ਕਿਸੇ ਕਿਸਮ ਦੇ ਕੋਈ ਵੀ ਅੰਕੜੇ ਇਕੱਤਰ ਨਹੀਂ ਕੀਤੇ ਜਾਣਗੇ। ਸਕੂਲਾਂ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕੀਤੇ ਅੰਕੜਿਆਂ ਨੂੰ ਹੀ ਸਹੀ ਮੰਨਿਆ ਜਾਵੇਗਾ ਅਤੇ ਇਨ੍ਹਾਂ ਅੰਕੜਿਆਂ ਨੂੰ ਹੀ ਵਰਤਿਆ ਜਾਵੇਗਾ। ਜੇਕਰ ਅੰਕੜਿਆਂ ਵਿਚ ਕਿਸੇ ਵੀ ਕਿਸਮ ਦੀ ਕੋਈ ਗਲਤੀ ਪਾਈ ਜਾਂਦੀ ਹੈ ਜਾਂ ਸਕੂਲ ਵਲੋਂ ਅੰਕੜੇ ਸਮੇਂ ਸਿਰ ਅਪਡੇਟ ਨਹੀਂ ਕੀਤੇ ਗਏ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ਅਤੇ ਉਸ ਖਿਲਾਫ, ਸਰਕਾਰ ਨੂੰ ਗਲਤ ਜਾਣਕਾਰੀ ਦੇਣ ਲਈ, ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-

1) ਡੀ.ਪੀ.ਆਈ. (ਸੈ.ਸਿ.), ਪੰਜਾਬ
2) ਡੀ.ਪੀ.ਆਈ.(ਐ.ਸਿ.), ਪੰਜਾਬ